ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ
ਦਫਤਰ: ਮੁੱਖ ਇੰਜੀਨੀਅਰ/ ਵਣਜ਼,ਪਟਿਆਲਾ
( ਵਿਕਰੀ ਭਾਗ-1)

ਵੱਲ :

ਵੱਣਜ਼ ਗਸਤੀ ਪੱਤਰ ਨੰ: 16/2011

| | | |
|---|---|---|
| 1) | ਸਾਰੇ ਇੰਜੀਨੀਅਰ-ਇੰਨ-ਚੀਫ / ਮੁੱਖ ਇੰਜੀਨੀਅਰਜ਼ | 2 ਕਾਪੀਆਂ |
| 2) | ਸਾਰੇ ਉਪ ਮੁੱਖ ਇੰਜੀ/ ਨਿਗ:ਇੰਜ: / ਵਧੀਕ ਨਿਗ: ਇੰਜੀ:/ਸੀ:ਕਾ:ਕਾ:ਇੰਜੀ:/ਸਹਾਇਕ ਕਾ:ਕਾ:ਇੰਜੀ:/ ਸਹਾਇਕ ਇੰਜੀਨਅਰਜ਼ /ਵੰਡ | 1 ਕਾਪੀ |
| 3) | ਸਾਰੇ ਉਪ ਮੁੱਖ ਇੰਜੀ/ ਨਿਗ:ਇੰਜ: / ਡਾਇਰੈਕਟਰ/ ਵਧੀਕ ਨਿਗ: ਇੰਜੀ:/ਸੀ:ਕਾ:ਕਾ:ਇੰਜੀ:/ਸਹਾਇਕ ਕਾ:ਕਾ:ਇੰਜੀ:/ ਸਹਾਇਕ ਇੰਜੀਨਅਰਜ਼ | 1 ਕਾਪੀ |
| 4) | ਸਾਰੇ ਉਪ ਮੁੱਖ ਇੰਜੀ/ ਨਿਗ:ਇੰਜ: / ਡਾਇਰੈਕਟਰ ਵਧੀਕ ਨਿਗ:ਇੰਜੀ:/ਸੀ:ਕਾ:ਕਾ:ਇੰਜੀ: ਟੈਕਨੀਕਲ ਆਡਿਟ ਅਤੇ ਇਨਫੋਰਸਮੈਂਟ । | 1 ਕਾਪੀ |
| 5) | ਸਾਰੇ ਵਧੀਕ ਸਹਾਇਕ ਇੰਜੀ:/ਵੰਡ, ਇੰਜੀ: ਸਬ-ਆਫਿਸਜ਼ | 1 ਕਾਪੀ |
| 6) | ਮੁੱਖ ਲੇਖਾ ਅਫਸਰ, ਪੰ:ਰਾਜ ਬਿ;ਬੋਰਡ, ਪਟਿਆਲਾ | 1 ਕਾਪੀ |
| 7) | ਮੁੱਖ ਲੇਖਾ ਅਫਸਰ/ਮਾਲ, ਪੰ:ਰਾਜ ਬਿ;ਬੋਰਡ, ਪਟਿਆਲਾ | 1 ਕਾਪੀ |
| 8) | ਆਰ.ਏ.ਓ., ਪੰ:ਰਾਜ ਬਿ;ਬੋਰਡ, ਪਟਿਆਲਾ | 1 ਕਾਪੀ |
| | **President State Dispute Redressal Commission (Pb) SCO No.3009-3010,Sector-22,Chandigarh.** | **3 Copies** |

ਮੀਮੋ ਨੰ: 9400/**10209/ਐਸਐਸਐਮ**-414/ਟਿਊਬਵੈਲ-ਪਾਲਿਸੀ
ਮਿਤੀ : 3/5/2011

ਵਿਸ਼ਾ : ਪੰਚਾਇਤੀ ਜਮੀਨਾਂ ਵਾਸਤੇ ਪਹਿਲ ਦੇ ਅਧਾਰ ਤੇ ਟਿਊਬਵੈਲਾਂ ਦੇ ਕੁਨੈਕਸ਼ਨ ਦੇਣ ਸਬੰਧੀ ।

ਵਣਜ ਗਸ਼ਤੀ ਪੱਤਰ ਨੰ: 9/2011 ਮਿਤੀ 17.2.2011 ਰਾਹੀਂ ਪੰਜਾਬ ਰਾਜ ਵਿਚ ਖੇਤੀਬਾੜੀ ਖਪਤਕਾਰਾਂ ਨੂੰ ਟਿਊਬਵੈਲ ਕੁਨੈਕਸ਼ਨ ਜਾਰੀ ਕਰਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ । ਇਸ ਵਣਜ ਗਸ਼ਤੀ ਪੱਤਰ ਦੇ ਪੈਰਾ-2 **(c)** ਅਨੁਸਾਰ ਗ੍ਰਾਮ ਪੰਚਾਇਤ ਅਤੇ ਧਾਰਮਿਕ ਸੰਸਥਾਂਵਾਂ ਨੂੰ ਪਹਿਲ ਦੇ ਅਧਾਰ ਦੇ ਕੁਨੈਕਸ਼ਨ ਜਾਰੀ ਕਰਨ ਲਈ 10% ਕੋਟਾ ਫਿਕਸ ਕੀਤਾ ਗਿਆ ਹੈ । ਪੰਜਾਬ ਸਰਕਾਰ ਬਿਜਲੀ ਵਿਭਾਗ ਉਰਜਾ ਸ਼ਾਖਾ ਨੇ ਆਪਣੇ ਪਿੱਠ ਅੰਕਣ ਨੰ: 10/47/2011-ਓ.ਸ6/1308 ਮਿਤੀ 5.4.2011 ਰਾਹੀਂ ਪੰਚਾਇਤੀ ਜਮੀਨਾਂ ਵਾਸਤੇ ਪਹਿਲ ਦੇ ਅਧਾਰ ਦੇ ਟਿਊਬਵੈਲਾਂ ਦੇ ਕੁਨੈਕਸ਼ਨ ਦੇਣ ਸਬੰਧੀ ਮੰਤਰੀ ਪ੍ਰੀਸ਼ਦ ਦੀ ਮਿਤੀ 29.3.2011 ਨੂੰ ਹੋਈ ਮੀਟਿੰਗ ਵਿਚ ਮਾਮਲੇ ਸਬੰਧੀ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਨਾਲ ਵਿਚਾਰ ਵਟਾਂਦਰੇ ਉਪਰੰਤ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਹੈ :-

"ਸਰਕਾਰ ਵੱਲੋ ਇਹ ਪਹਿਲਾਂ ਹੀ ਫੈਸਲਾ ਲਿਆ ਗਿਆ ਹੈ ਕਿ ਪੰਚਾਇਤੀ ਜ਼ਮੀਨਾਂ ਵਾਸਤੇ ਟਿਊਬਵੈਲਾਂ ਦੇ ਕੁਨੈਕਸ਼ਨ ਪਹਿਲ ਦੇ ਅਧਾਰ ਦੇ ਦਿੱਤੇ ਜਾਣ ਲੇਕਿਨ ਦੇਖਣ ਵਿਚ ਆਇਆ ਹੈ ਕਿ ਇਸ ਫੈਸਲੇ ਤੇ ਚੰਗੀ ਤਰ੍ਹਾਂ ਅਮਲ ਨਹੀ ਹੋ ਰਿਹਾ । ਮੰਤਰੀ ਪ੍ਰੀਸ਼ਦ ਨੇ ਹਦਾਇਤ ਕੀਤੀ ਕਿ ਹਰ ਜ਼ਿਲੇ ਦੇ ਜਿਲਾ ਵਿਕਾਸ ਤੇ ਪੰਚਾਇਤ ਅਫਸਰ ਅਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਬੰਧਤ ਕਾਰਜਕਾਰੀ ਇੰਜੀਨੀਅਰ ਆਪਸ ਵਿਚ ਤਾਲਮੇਲ ਕਰਕੇ ਯਕੀਨੀ ਬਣਾਉਗੇ ਕਿ ਪੰਚਾਇਤੀ ਜਮੀਨਾਂ ਤੇ ਅਜਿਹੇ ਕੁਨੈਕਸ਼ਨ ਇਕ ਮਹੀਨੇ ਦੇ ਅੰਦਰ ਚਾਲੂ ਹੋ ਜਾਣ ਅਤੇ ਇਸ ਕੰਮ ਦੀ ਨਿਗਰਾਨੀ ਸਬੰਧਤ ਡਿਪਟੀ ਕਮਿਸ਼ਨਰ ਵੱਲੋ ਕੀਤੀ ਜਾਵੇਗੀ "।

ਉਪਰੋਕਤ ਹਦਾਇਤਾਂ ਦੇ ਮੱਦੇਨਜਰ ਇਹ ਫੈਸਲਾ ਕੀਤਾ ਗਿਆ ਹੈ ਕਿ :-

**i)** ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਬੰਧਤ ਕਾਰਜਕਾਰੀ ਇੰਜੀਨੀਅਰ/ਵੰਡ ਆਪਣੇ ਜਿਲੇ ਦੇ ਜਿਲਾ ਵਿਕਾਸ ਤੇ ਪੰਚਾਇਤ ਅਫਸਰ ਨਾਲ ਆਪਸ ਵਿਚ ਤਾਲਮੇਲ ਕਰਕੇ ਇਹ ਯਕੀਨੀ ਬਣਾਉਣਗੇ ਕਿ ਪੰਚਾਇਤੀ ਜਮੀਨਾਂ ਤੇ ਅਜਿਹੇ ਕੁਨੈਕਸ਼ਨ ਇਕ ਮਹੀਨੇ ਦੇ ਅੰਦਰ ਚਾਲੂ ਹੋ ਜਾਣ ।

**ii)** ਸਾਲ 2011-12 ਦੀ ਟਿਊਬਵੈਲ ਪਾਲਿਸੀ ਜਾਰੀ ਹੋਣ ਤੱਕ ਜਰਨਲ ਕੈਟਾਗਰੀ ਅਧੀਨ ਮਿਤੀ 31.3.1991 ਤੱਕ ਦਰਜ ਹੋਈਆਂ ਅਰਜੀਆਂ ਦੇ ਨਾਲ ਨਾਲ ਸਿਰਫ ਚੇਅਰਮੈਨ ਅਖਤਿਆਰੀ ਕੋਟਾ ਪਹਿਲਤਾ, ਗ੍ਰਾਂਮ ਪੰਚਾਇਤ ਅਤੇ ਧਾਰਮਿਕ ਸੰਸਥਾ ਨੂੰ ਪਹਿਲ ਦੇ ਅਧਾਰ ਤੇ ਛੇਤੀ ਕੁਨੈਕਸ਼ਨ ਜਾਰੀ ਕਰਨ ਲਈ ਇਨ੍ਹਾਂ ਸ਼੍ਰੇਣੀਆਂ ਵਿਰੁੱਧ ਪ੍ਰਾਪਤ ਹੋਈਆਂ ਅਰਜੀਆਂ ਵਿਰੁੱਧ ਹੀ ਮੰਗ ਪੱਤਰ ਜਾਰੀ ਕੀਤੇ ਜਾਣਗੇ ।

ਵਣਜ ਗਸ਼ਤੀ ਪੱਤਰ ਨੰ: 9/2011 ਮਿਤੀ 17/2/2011 ਅਤੇ 13/2011 ਮਿਤੀ 4/4/2011 ਦੀਆਂ ਹਦਾਇਤਾਂ ਉਪਰੋਕਤ ਅਨੁਸਾਰ ਸੋਧ ਕੀਤੀ ਜਾਂਦੀ ਹੈ ।

ਉਪਰੋਕਤ ਹਦਾਇਤਾਂ ਦੀ ਫੀਲਡ ਦਫਤਰਾਂ ਵੱਲੋਂ ਇੰਨ੍ਹ ਬਿੰਨ੍ਹ ਪਾਲਣਾ ਯਕੀਨੀ ਬਣਾਈ ਜਾਵੇ ।

ਉਪ ਮੁੱਖ ਇੰਜੀਨੀਅਰ/ਵਿਕਰੀ-1,
ਵਾਸਤੇ ਮੁੱਖ ਇੰਜੀਨੀਅਰ/ਵਣਜ,
ਪੰ:ਸ:ਪਾ:ਕਾ:ਲਿ:,ਪਟਿਆਲਾ ।

ਪਿੱਠ ਅੰਕਣ ਨੰ: 10201/206/ਐਸਐਸਐਮ-414/ਟਿਊਬਵੈਲ-ਪਾਲਿਸੀ ਮਿਤੀ 3/5/2011

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1) ਚੇਅਰਮੈਨ ਕਮ ਡਾਇਰੈਕਟਰ (ਪੀਐਸਪੀਸੀਐਲ),ਸਾਰੇ ਡਾਇਰੈਕਟਰ(ਪੀਐਸਪੀਸੀਐਲ),ਪਟਿਆਲਾ ।
2) ਪ੍ਰਮੁੱਖ ਸਕੱਤਰ/ਪੰਜਾਬ ਸਰਕਾਰ ਵਿਜਲੀ ਵਿਭਾਗ, ਪੰਜਾਬ ਸਰਕਾਰ, ਚੰਡੀਗੜ੍ਹ ।
3) ਸਕੱਤਰ/ ਸਿੰਚਾਈ ਅਤੇ ਬਿਜਲੀ ਵਿਭਾਗ, ਪੰਜਾਬ ਸਰਕਾਰ, ਚੰਡੀਗੜ ।
**4)** ਸਕੱਤਰ, ਪੰਜਾਬ ਸਰਕਾਰ/ਇੰਡ: ਅਤੇ ਕਾਮਰਸ਼ ਵਿਭਾਗ, ਪੰਜਾਬ ਸਰਕਾਰ,ਚੰਡੀਗੜ ।
5) ਵਿੱਤ ਕਮਿਸ਼ਨਰ/ ਫਾਇਨਾਸ਼ ਟੂ ਗੋਰਮਿੰਟ ਪੰਜਾਬ ਐਕਸ-ਆਫੀਸੋ ਡਾਇਰੈਕਟਰ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, ਚੰਡੀਗੜ੍ਹ ।
6) ਚੀਫ ਕੋ-ਆਰਡੀਨੇਟਰ, ਉਦਯੋਗ ਸਹਾਇਕ ਡਾਇਰੈਕਟਰ ਆਫ ਇੰਡੀਸਟਰੀਜ਼, ਪੰਜਾਬ ਸੈਕਟਰ 17, ਚੰਡੀਗੜ ।

ਵਧੀਕ ਨਿਗ:ਇੰਜ:/ਵਿਕਰੀ-2,
ਵਾ: ਮੁੱਖ ਇੰਜੀਨੀਅਰ/ਵੱਣਜ਼,
ਪੀਐਸਪੀਸੀਐਲ,ਪਟਿਆਲਾ ।

ਪਿੱਠ ਅੰਕਣ ਨੰ:10207/ਐਸਐਸਐਮ-414/ਟਿਊਬਵੈਲ-ਪਾਲਿਸੀ ਮਿਤੀ 3/5/2011

ਉਪਰੋਕਤ ਦਾ ਉਤਾਰਾ ਸਕੱਤਰ/ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ, ਐਸ.ਸੀ.ਓ. ਨੰ: 220-221, ਸੈਕਟਰ 34-ਏ ,ਚੰਡੀਗੜ੍ਹ, ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਨਿਗ:ਇੰਜ:/ਵਿਕਰੀ-2,
ਵਾ: ਮੁੱਖ ਇੰਜੀਨੀਅਰ/ਵੱਣਜ਼,
ਪੀਐਸਪੀਸੀਐਲ,ਪਟਿਆਲਾ ।

ਪਿੱਠ ਅੰਕਣ 10208/ਐਸਐਸਐਮ–414/ਟਿਊਬਵੈਲ–ਪਾਲਿਸੀ ਮਿਤੀ 3/5/2011

ਉਪਰੋਕਤ ਦਾ ਉਤਾਰਾ ਨਿੱਜੀ ਸਕੱਤਰ ਟੂ ਬਿਜਲੀ ਮੰਤਰੀ, ਪੰਜਾਬ ਸਿਵਲ ਸਕੱਤਰੇਤ, ਪੰਜਾਬ ਸਰਕਾਰ, ਚੰਡੀਗੜ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਨਿਗ:ਇੰਜ:/ਵਿਕਰੀ–2,
ਵਾ: ਮੁੱਖ ਇੰਜੀਨੀਅਰ/ਵੱਣਜ਼,
ਪੀਐਸਪੀਸੀਐਲ,ਪਟਿਆਲਾ ।

ਪਿੱਠ ਅੰਕਣ 10209/ਐਸਐਸਐਮ–414/ਟਿਊਬਵੈਲ–ਪਾਲਿਸੀ ਮਿਤੀ 3/5/2011

ਉਪਰੋਕਤ ਦਾ ਉਤਾਰਾ ਮੁੱਖ ਬਿਜਲੀ ਇੰਸਪੈਕਟਰ, ਪੰਜਾਬ ਸਰਕਾਰ, ਪਟਿਆਲਾ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਨਿਗ:ਇੰਜ:/ਵਿਕਰੀ–2,
ਵਾ: ਮੁੱਖ ਇੰਜੀਨੀਅਰ/ਵੱਣਜ਼,
ਪੀਐਸਪੀਸੀਐਲ,ਪਟਿਆਲਾ ।

ਪਿੱਠ ਅੰਕਣ 10210/ਐਸਐਸਐਮ–414/ਟਿਊਬਵੈਲ–ਪਾਲਿਸੀ ਮਿਤੀ 3/5/2011

ਉਪਰੋਕਤ ਦਾ ਉਤਾਰਾ **Ombudsman, Electricity Punjab, SCO No. 248, Sector 19-A, Chandigarh,** ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਨਿਗ:ਇੰਜ:/ਵਿਕਰੀ–2,
ਵਾ: ਮੁੱਖ ਇੰਜੀਨੀਅਰ/ਵੱਣਜ਼,
ਪੀਐਸਪੀਸੀਐਲ,ਪਟਿਆਲਾ ।

ਪਿੱਠ ਅੰਕਣ 10211/10311/ਐਸਐਸਐਮ–414/ਟਿਊਬਵੈਲ–ਪਾਲਿਸੀ ਮਿਤੀ 3/5/2011

ਉਪਰੋਕਤ ਦਾ ਉਤਾਰਾ ਨੱਥੀ ਲਿਸਟ ਅਨੁਸਾਰ ਰੂਟੀਨ ਭਾਗ, ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ, ਪਟਿਆਲਾ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਨਿਗ:ਇੰਜ:/ਵਿਕਰੀ–2,
ਵਾ: ਮੁੱਖ ਇੰਜੀਨੀਅਰ/ਵੱਣਜ਼,
ਪੀਐਸਪੀਸੀਐਲ,ਪਟਿਆਲਾ ।